PUNJABI UNIVERSITY PATIALA

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

## ਪ੍ਰੀਖਿਆ ਸ਼ਾਖਾ

ਨੰਬਰ 6376 /COE
ਮਿਤੀ 30-11-2021

ਮੁਖੀ ਸਾਹਿਬਾਨ,
ਸਮੂਹ ਅਧਿਆਪਨ, ਖੋਜ ਵਿਭਾਗ ਅਤੇ
ਯੂਨੀਵਰਸਿਟੀ ਨਾਲ ਸਬੰਧਤ ਬਾਹਰਲੇ ਸੈਂਟਰਜ਼,
ਪੰਜਾਬੀ ਯੂਨੀਵਰਸਿਟੀ,
ਪਟਿਆਲਾ।

ਵਿਸ਼ਾ:- 39ਵੀਂ ਕਨਵੋਕੇਸ਼ਨ ਦੌਰਾਨ ਪੀਐਚ.ਡੀ. ਡਿਗਰੀਆਂ ਪ੍ਰਦਾਨ ਕਰਨ ਸਬੰਧੀ

ਸ੍ਰੀਮਾਨ/ਸ੍ਰੀਮਤੀ ਜੀ,

ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਮਿਤੀ 09 ਦਸੰਬਰ (ਵੀਰਵਾਰ), 2021 ਨੂੰ 39ਵੀਂ ਕਨਵੋਕੇਸ਼ਨ ਕਰਵਾਈ ਜਾ ਰਹੀ ਹੈ। ਆਪ ਸਭ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੁਣ ਇਹ ਕਨਵੋਕੇਸ਼ਨ ਮਿਤੀ 09 ਅਤੇ 10 ਦਸੰਬਰ, 2021 (ਦੋ ਦਿਨ) ਨੂੰ ਆਯੋਜਿਤ ਕੀਤੀ ਜਾ ਰਹੀ ਹੈ।

ਜਿਹੜੇ ਖੋਜਾਰਥੀਆਂ ਨੇ ਸਾਲ 2015 ਤੋਂ 2020 ਤੱਕ ਪੀਐਚ.ਡੀ. ਡਿਗਰੀ ਹਾਸਲ ਕੀਤੀ ਹੈ ਉਨ੍ਹਾਂ ਲਈ ਪੀਐਚ.ਡੀ. ਡਿਗਰੀ ਵੰਡ ਸਮਾਰੋਹ ਮਿਤੀ 10 ਦਸੰਬਰ, 2021 ਨੂੰ ਕੀਤਾ ਜਾਵੇਗਾ। ਇਸ ਸਮਾਰੋਹ ਵਿਚ ਸ਼ਾਮਲ ਹੋਣ ਵਾਲੇ ਚਾਹਵਾਨ ਖੋਜਾਰਥੀ ਆਪਣੇ ਪੱਧਰ ਤੇ ਨਿਮਨ ਅਨੁਸਾਰ ਕਾਰਵਾਈ ਕਰਨਗੇ -

1) ਜਿਹੜੇ ਖੋਜਾਰਥੀ ਸਿੱਧੇ ਤੌਰ ਤੇ ਪ੍ਰੀਖਿਆ ਸ਼ਾਖਾ ਤੋਂ Degree-in-Absentia ਪ੍ਰਾਪਤ ਕਰ ਚੁੱਕੇ ਹਨ ਉਹ ਖੋਜਾਰਥੀ ਪ੍ਰਬੰਧਕੀ ਬਲਾਕ ਨੰਬਰ 01 (ਪੁਰਾਣੀ ਬਿਲਡਿੰਗ-ਪ੍ਰੀਖਿਆ ਸ਼ਾਖਾ) ਦੇ ਜ਼ਮੀਨੀ ਫਲੌਰ ਤੇ ਬਣਾਏ ਗਏ Nodal Centre ਵਿਖੇ ਮਿਤੀ 03-12-2021 ਨੂੰ ਸ਼ਾਮ ਦੇ 04-00 ਵਜੇ ਤੱਕ ਹਰ ਹਾਲਤ ਵਿਚ ਆਪਣੀ ਪੀਐਚ.ਡੀ. ਡਿਗਰੀ ਨੂੰ ਜਮ੍ਹਾਂ ਕਰਵਾਉਣ ਨੂੰ ਯਕੀਨੀ ਬਣਾਉਣਗੇ। ਦੇਰੀ ਨਾਲ ਆਉਣ ਵਾਲੇ ਖੋਜਾਰਥੀ ਨੂੰ attend ਨਹੀਂ ਕੀਤਾ ਜਾਵੇਗਾ।

2) ਜਿਹੜੇ ਖੋਜਾਰਥੀਆਂ ਦੀ ਡਿਗਰੀਆਂ ਵੱਖ-ਵੱਖ ਵਿਭਾਗਾਂ ਵਿਚ ਉਪਲਬੱਧ ਪਈਆਂ ਹਨ ਉਹ ਖੋਜਾਰਥੀ ਨਿੱਜੀ ਤੌਰ ਤੇ ਆਪਣੇ ਸਬੰਧਤ ਵਿਭਾਗ ਤੋਂ ਡਿਗਰੀ ਪ੍ਰਾਪਤ ਕਰਨਗੇ ਅਤੇ ਉਹ ਪ੍ਰਬੰਧਕੀ ਬਲਾਕ ਨੰਬਰ 01 (ਪ੍ਰੀਖਿਆ ਸ਼ਾਖਾ) ਦੇ ਜ਼ਮੀਨੀ ਫਲੌਰ ਤੇ ਬਣਾਏ ਗਏ Nodal Centre ਵਿਖੇ ਮਿਤੀ 03-12-2021 ਨੂੰ ਸ਼ਾਮ ਦੇ 04-00 ਵਜੇ ਤੱਕ ਹਰ ਹਾਲਤ ਵਿਚ ਜਮ੍ਹਾਂ ਕਰਵਾਉਣ ਨੂੰ ਯਕੀਨੀ ਬਣਾਉਣਗੇ। ਦੇਰੀ ਨਾਲ ਆਉਣ ਵਾਲੇ ਖੋਜਾਰਥੀ ਨੂੰ attend ਨਹੀਂ ਕੀਤਾ ਜਾਵੇਗਾ।

3) ਉਪਰੋਕਤ ਦਰਸਾਏ ਅਨੁਸਾਰ ਖੋਜਾਰਥੀਆਂ ਦੀ ਕਨਵੋਕੇਸ਼ਨ ਰਿਹਰਸਲ ਮਿਤੀ 10 ਦਸੰਬਰ (ਸ਼ੁਕਰਵਾਰ), 2021 ਨੂੰ ਸਵੇਰੇ 09-00 ਵਜੇ ਗੁਰੂ ਤੇਗ ਬਹਾਦਰ ਹਾਲ ਵਿਖੇ ਹੋਵੇਗੀ ਅਤੇ ਡਿਗਰੀ ਵੰਡ ਸਮਾਰੋਹ ਬਾਅਦ ਦੁਪਹਿਰ 01.30 ਵਜੇ ਗੁਰੂ ਤੇਗ ਬਹਾਦਰ ਹਾਲੇ ਵਿਖੇ ਆਯੋਜਿਤ ਕੀਤਾ ਜਾਵੇਗਾ।

30/11/21

ਕੰਟਰੋਲਰ ਪ੍ਰੀਖਿਆਵਾਂ